# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।**

---

ਵੱਲ,

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ ਅਤੇ ਐ.ਸਿ.)
2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈਬਸਾਇਟ ਰਾਹੀਂ)
3. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈਬਸਾਇਟ ਰਾਹੀਂ)

ਮੀਮੋ ਨੰ: 2010/ਸਸਅ/ਕੋਆਰਡੀਨੇਸ਼ਨ/55131
ਮਿਤੀ: ਚੰਡੀਗੜ੍ਹ 27.08.2010

**ਵਿਸ਼ਾ: ਸਕੂਲਾਂ ਵਿੱਚ ਸਵੇਰ ਦੀ ਪ੍ਰਾਰਥਨਾ ਸਭਾ ਬਾਰੇ।**

**ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ. ਸਸਅ/ਕੋਆਰਡੀਨੇਸ਼ਨ/09/51924-62, ਮਿਤੀ 09.07.09, ਸਸਅ/ਕੋਆਰਡੀਨੇਸ਼ਨ/09/76018, ਮਿਤੀ13.11.09, ਸਸਅ/ਕੋਆਰਡੀਨੇਸ਼ਨ/38018, ਮਿਤੀ 20.05.10, ਸਸਅ/ਡੀ.ਐਸ.ਪੀ.ਡੀ./ ਆਰ.ਐਮ.ਐਸ.ਏ./ 46271, ਮਿਤੀ 15.07.2010 ਦੇ ਸਬੰਧ ਵਿੱਚ।**

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਵੱਲ ਸਮੇਂ ਸਮੇਂ ਸਿਰ ਜਾਰੀ ਕੀਤੇ ਗਏ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪਿਛਲੇ ਦਿਨੀਂ ਸਕੂਲਾਂ ਦੇ ਨਿਰੀਖਣ ਦੌਰਾਨ ਇਹ ਧਿਆਨ ਵਿੱਚ ਆਇਆ ਹੈ ਕਿ ਸਵੇਰ ਦੀ ਪ੍ਰਾਰਥਨਾ ਦੌਰਾਨ ਰਾਸ਼ਟਰੀ ਗਾਣ, ਸਵੇਰ ਦਾ ਵਿਚਾਰ, ਪੀ.ਟੀ. ਅਤੇ ਅਧਿਆਪਕਾਂ ਦੀ ਸਮੂਲੀਅਤ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ। ਸਕੂਲ ਮੁੱਖੀ ਵੀ ਪ੍ਰਾਰਥਨਾ ਵਿਚੋਂ ਗੈਰਹਾਜ਼ਰ ਰਹਿੰਦੇ ਹਨ ਜਿਸ ਕਾਰਨ ਪ੍ਰਾਰਥਨਾ ਦੌਰਾਨ ਕੀਤੀ ਜਾਣ ਵਾਲੀ ਗਤੀਵਿਧੀਆਂ ਬਾਰੇ ਵਿਦਿਆਰਥੀ ਅਤੇ ਅਧਿਆਪਕ ਬਹੁਤ ਗੰਭੀਰ ਨਹੀਂ ਹੋ ਸਕਦੇ।

3.0 ਵਿਭਾਗ ਨੇ ਇਸ ਸਾਰੇ ਮੁੱਦੇ ਨੂੰ ਵਿਚਾਰਨ ਉਪਰੰਤ ਇਹ ਫੇਸਲਾ ਕੀਤਾ ਹੈ ਕਿ ਸਕੂਲ ਮੁੱਖੀ ਸਾਰੇ ਸਟਾਫ ਸਮੇਤ ਪ੍ਰਾਰਥਨਾ ਸਭਾ ਵਿੱਚ ਹਾਜ਼ਰ ਰਹਿਣ। ਪ੍ਰਾਰਥਨਾ ਸਭਾ ਵਿੱਚ ਰਾਸ਼ਟਰੀ ਗਾਣ ਅਨੁਸ਼ਾਸ਼ਿਤ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਵਾਇਆ ਜਾਵੇ ਕਿਉਂਕਿ ਇਹ ਸਾਡੇ ਨੈਤਿਕ ਕਰਤੱਵਾਂ ਵਿੱਚ ਸ਼ਾਮਿਲ ਹੈ ਅਤੇ ਇਹ ਵਿਦਿਆਰਥੀਆਂ ਨੂੰ ਜੁਬਾਨੀ ਕੰਠ ਹੋਵੇ। ਪ੍ਰਾਰਥਨਾ ਸਭਾ ਦੌਰਾਨ ਗਤੀਵਿਧੀਆਂ ਜਿਵੇਂ ਪੀ.ਟੀ., ਕੁਝ ਚੰਗੇ ਵਿਚਾਰ ਅਧਿਆਪਕ ਜਾਂ ਵਿਦਿਆਰਥੀ ਵੱਲੋਂ ਕਿਸੇ ਵਿਸ਼ੇਸ਼ ਮੁੱਦੇ ਤੇ ਅਡਰੈਸ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਇਸ ਗੱਲ ਨੂੰ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਵਿਦਿਆਰਥੀਆਂ ਦੀ ਹਾਜਰੀ ਪ੍ਰਾਰਥਨਾ ਸਭਾ ਦੌਰਾਨ ਹੀ ਮੁਕੰਮਲ ਕੀਤੀ ਜਾਵੇ ਤਾਂ ਜੋ ਬਾਅਦ ਵਿੱਚ ਕਲਾਸਾਂ ਵਿੱਚ ਹਾਜ਼ਰੀ ਲਗਾਉਣ ਲਈ ਸਮੇਂ ਦੀ ਬਰਬਾਦੀ ਨਾ ਹੋਵੇ।

4.0 ਇਨ੍ਹਾ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ

ਮੀਮੋ ਨੰ: 2009/ਸਸਅ/ਕੋਆਰਡੀਨੇਸ਼ਨ/55132 ਮਿਤੀ: 27.08.2010

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1.0 ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ ।

2.0 ਸਮੂਹ ਜਿਲ੍ਹਾ ਅਤੇ ਮੰਡਲ ਨਿਰੀਖਣ ਟੀਮਾਂ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ